# ਗਰੇਟਰ ਮੋਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ

ਪੁੱਡਾ ਭਵਨ, ਸੈਕਟਰ-62, ਐੱਸ.ਏ.ਐੱਸ. ਨਗਰ।

## ਜਨਤਕ ਸੂਚਨਾ

ਪੰਜਾਬ ਸਰਕਾਰ ਦੇ ਕਰਮਚਾਰੀਆਂ, ਬੋਰਡ ਕਾਰਪੋਰੇਸ਼ਨਾਂ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਅਤੇ ਪੁਡਾ/ਅਥਾਰਟੀਆਂ ਦੇ ਕਰਮਚਾਰੀਆਂ ਨੂੰ ਸੈਕਟਰ 66, 67, ਮੋਹਾਲੀ ਅਤੇ ਇਕੋ ਸਿਟੀ-2, ਸੈਕਟਰ-11, ਨਿਊ ਚੰਡੀਗੜ੍ਹ ਵਿਖੇ ਮਲਟੀਸਟੋਰੀ ਫਲੈਟਾਂ ਦੀ ਅਲਾਟਮੈਂਟ ਕਰਨ ਸਬੰਧੀ ਸਕੀਮ ਲਾਂਚ ਕੀਤੀ ਗਈ ਸੀ। ਲੇਕਿਨ ਇਸ ਸਕੀਮ ਨੂੰ ਹੁੰਗਾਰਾ ਨਾ ਮਿਲਣ ਕਾਰਨ ਇਹ ਸਕੀਮ ਖਤਮ ਕਰ ਦਿੱਤੀ ਗਈ ਸੀ ਅਤੇ ਨਿਰਧਾਰਤ 6 ਮਹੀਨੇ ਦੇ ਸਮੇਂ ਵਿੱਚ ਰਿਫੰਡ ਕਰ ਦਿੱਤੇ ਗਏ ਸਨ। ਇਸ ਸਬੰਧ ਵਿੱਚ ਕਈ ਬਿਨੈਕਾਰਾਂ ਵੱਲੋਂ ਪ੍ਰਤੀ ਬੇਨਤੀਆਂ ਦਿੱਤੀਆਂ ਗਈਆਂ ਸਨ ਕਿ ਉਹਨਾਂ ਨੂੰ ਵਿਆਜ ਦਿੱਤਾ ਜਾਵੇ ਅਤੇ ਜਿਹੜੇ ਬਿਨੈਕਾਰਾਂ ਵੱਲੋਂ ਸਕੀਮ ਕਲੋਜ ਹੋਣ ਤੋਂ ਪਹਿਲਾਂ ਆਪਣੇ ਰਿਫੰਡ ਮੰਗੇ ਗਏ ਸਨ ਉਹਨਾਂ ਦੀ ਬਿਆਨਾ ਰਕਮ ਵਿਚੋਂ 2% ਕੱਟੀ ਗਈ ਰਕਮ ਰਿਫੰਡ ਕੀਤੀ ਜਾਵੇ।

ਇਸ ਸਬੰਧ ਵਿੱਚ ਬਿਨੈਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗਮਾਡਾ ਵੱਲੋਂ ਇਸ ਸਕੀਮ ਅਧੀਨ ਅਰਜੀਆਂ ਘੱਟ ਪ੍ਰਾਪਤ ਹੋਣ ਕਰਕੇ ਅਤੇ ਕਾਫੀ ਬਿਨੈਕਾਰਾਂ ਵੱਲੋਂ ਐਲ.ਓ.ਆਈ. ਜਾਰੀ ਹੋਣ ਤੋਂ ਪਹਿਲਾਂ ਹੀ ਰਿਫੰਡ ਲੈਣ ਕਰਕੇ ਮਿਤੀ 05-07-2017 ਨੂੰ ਇਹ ਸਕੀਮ ਰੱਦ ਕਰ ਦਿੱਤੀ ਗਈ ਸੀ ਅਤੇ ਬਾਕੀ ਬਚਦੇ ਬਿਨੈਕਾਰਾਂ ਨੂੰ ਬਰੋਸਰ ਦੀਆਂ ਸਰਤਾਂ ਅਤੇ ਗਮਾਡਾ ਦੀ ਪਾਲਿਸੀ ਅਨੁਸਾਰ ਰਕਮ ਰਿਫੰਡ ਕਰ ਦਿੱਤੀ ਗਈ ਸੀ। ਇਸ ਲਈ ਕੁਝ ਬਿਨੈਕਾਰਾਂ ਵੱਲੋਂ ਦਿੱਤੀਆਂ ਗਈਆਂ ਪ੍ਰਤੀ ਬੇਨਤੀਆਂ ਨੂੰ ਦਫਤਰ ਦਾਖਲ ਕੀਤਾ ਜਾਂਦਾ ਹੈ। ਇਹ ਹੁਕਮ ਮਾਨਯੋਗ ਮੁੱਖ ਪ੍ਰਸਾਸਕ, ਗਮਾਡਾ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

ਮਿਲਖ ਅਫਸਰ (ਹਾਊਸਿੰਗ)
ਗਮਾਡਾ, ਐਸ.ਏ.ਐਸ.ਨਗਰ।
ਮਿਤੀ 28-08-2018